# ਲੜਕੀ ਦੇ ਅਸ਼ਲੀਲ ਐਸ ਐਮ ਐਸ ਫੈਲਾਉਣ ਵਾਲਾ ਯੂਥ ਅਕਾਲੀ ਨੇਤਾ ਤਿੱਪਾ ਸੇਖੋਂ ਫੂੰਡ'ਤਾ

## ☛ ਪੁਲੀਸ ਨੂੰ ਲੜਕੀ ਦੇ ਭਰਾਵਾਂ 'ਤੇ ਸ਼ੱਕ ☛ ਸੇਖੋਂ ਦੇ ਕਤਲ ਲਈ ਸੁਖਬੀਰ ਬਾਦਲ ਜ਼ਿੰਮੇਵਾਰ-ਮਾਨ

ਚੰਡੀਗੜ੍ਹ-ਜ਼ਿਲ੍ਹਾ ਮੁਕਤਸਰ ਯੂਥ ਅਕਾਲੀ ਦਲ (ਬ) ਦੇ ਉਪ ਪ੍ਰਧਾਨ ਤ੍ਰਿਪਤਦੀਪ ਸਿੰਘ ਉਰਫ ਤਿੱਪਾ ਸੇਖੋਂ (36) ਦੀ ਚੰਡੀਗੜ੍ਹ ਦੇ ਸੈਕਟਰ 9 ਵਿਖੇ 13 ਅਗਸਤ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮੌਕੇ 'ਤੇ ਪੁੱਜੀ ਪੀ.ਸੀ.ਆਰ. ਚੰਡੀਗੜ੍ਹ ਦੀ ਜਿਪਸੀ ਨੇ ਉਸ ਨੂੰ ਪੀ.ਜੀ.ਆਈ. ਹਸਪਤਾਲ ਪਹੁੰਚਾਇਆ। ਜਿਥੇ ਕਿ ਥੋੜ੍ਹੀ ਦੇਰ ਪਿੱਛੋਂ ਹੀ ਉਸ ਦੀ ਮੌਤ ਹੋ ਗਈ।

ਤਿੱਪਾ ਸੇਖੋਂ ਇਨ੍ਹੀਂ ਦਿਨੀਂ ਜ਼ੀਰਕਪੁਰ ਵਿਖੇ ਆਪਣੀ ਭੈਣ ਕਿਰਨਪ੍ਰੀਤ ਕੋਲ ਰਹਿ ਰਿਹਾ ਸੀ ਤੇ ਦੁਪਹਿਰ ਵੇਲੇ ਆਪਣੀ ਭਤੀਜੀ ਅਭੀਰ ਕੌਰ ਨੂੰ ਲੈ ਕੇ ਸੈਕਟਰ 7 ਵਿਚ ਰਹਿੰਦੀਆਂ ਆਪਣੀਆਂ ਮੂੰਹ ਬੋਲੀਆਂ ਭੈਣਾਂ ਸੁਖਬੀਰ ਕੌਰ ਤੇ ਮਨਜੀਤ ਕੌਰ ਕੋਲ ਆਇਆ ਹੋਇਆ ਸੀ। ਦੁਪਹਿਰ ਉਹ ਕਿਸੇ ਵਿਅਕਤੀ ਨੂੰ ਮਿਲਣ ਦਾ ਕਹਿ ਕੇ ਉਨ੍ਹਾਂ ਕੋਲੋਂ ਗਿਆ ਸੀ।

ਸੂਤਰਾਂ ਅਨੁਸਾਰ ਉਸ ਦੇ ਖਿਲਾਫ ਬੀਤੇ ਦਿਨੀਂ ਮੁਕਤਸਰ ਵਿਖੇ ਇਕ ਲੜਕੀ ਦੇ ਮਾਪਿਆਂ ਵੱਲੋਂ ਉਨ੍ਹਾਂ ਦੀ ਲੜਕੀ ਦਾ ਅਸ਼ਲੀਲ ਐਸ. ਐਮ. ਐਸ. ਫੈਲਾਉਣ ਦਾ ਮਾਮਲਾ ਦਰਜ ਕਰਵਾਇਆ ਸੀ। ਬਾਅਦ ਵਿੱਚ ਪੁਲੀਸ ਨੇ ਜਾਂਚ ਕਰਨ ਤੋਂ ਬਾਅਦ ਉਸ ਨੂੰ ਨਿਰਦੋਸ਼ ਕਰਾਰ ਦਿੰਦਿਆਂ ਖਾਨਾ ਨੰ. 2 ਵਿੱਚ ਸ਼ਾਮਲ ਕਰਕੇ ਚਲਾਨ ਪੇਸ਼ ਕੀਤਾ ਸੀ। ਇਹ ਮਾਮਲਾ ਅਜੇ ਵੀ ਅਦਾਲਤ ਦੇ ਵਿੱਚ ਵਿਚਾਰ ਅਧੀਨ ਹੈ। ਇਹ ਮਾਮਲਾ ਇਸ ਕਰਕੇ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪੀੜਤ ਲੜਕੀ ਦੇ ਇਕ ਹੋਰ ਯੂਥ ਅਕਾਲੀ ਆਗੂ ਮਿੰਕਲ ਬਜਾਜ ਜੋ ਕਿ ਨਗਰ ਕੌਂਸਲ ਦੀਆਂ ਚੋਣਾਂ ਸਮੇਂ ਉਮੀਦਵਾਰ ਵੀ ਖੜਾ ਸੀ, ਦੀ ਭੈਣ ਹੈ। ਮਿੰਕਲ ਬਜਾਜ ਤੇ ਟਿੱਪਾ ਸੇਖੋਂ ਦਾ ਆਪਸ ਵਿੱਚ ਟਾਕਰਾ ਰਹਿੰਦਾ ਸੀ।



ਸੇਖੋਂ ਬਾਦਲ ਪਰਿਵਾਰ ਦਾ ਨਜ਼ਦੀਕੀ ਸੀ ਤੇ ਚੋਣਾਂ ਦੌਰਾਨ ਜਦੋਂ ਮੁਕਤਸਰ ਵਿਧਾਨ ਸਭਾ ਹਲਕਾ ਹਰਸਿਮਰਤ ਕੌਰ ਬਾਦਲ ਸੰਭਾਲਦੀ ਤਾਂ ਟਿੱਪਾ ਸੇਖੋਂ ਹੀ ਉਨ੍ਹਾਂ ਦੀ ਅਗਵਾਈ ਕਰਦਾ ਸੀ। ਬਾਦਲ ਪਰਿਵਾਰ ਜਾਂ ਅਕਾਲੀ ਦਲ ਬਾਦਲ ਨਾਲ ਸੰਬੰਧਿਤ ਝਗੜਿਆਂ 'ਚ ਟਿੱਪਾ ਹੀ ਮੋਹਰੀ ਭੂਮਿਕਾ ਨਿਭਾਉਂਦਾ ਸੀ। ਪੁਲਿਸ ਅਨੁਸਾਰ ਉਸ ਨੂੰ ਸ਼ੱਕ ਹੈ ਕਿ ਸ਼ਾਇਦ ਉਸ ਲੜਕੀ ਦਾ ਭਰਾ ਮਿੰਕਲ ਬਜਾਜ ਹੀ ਕਥਿਤ ਤੌਰ 'ਤੇ ਇਸ ਘਟਨਾ ਨੂੰ ਅੰਜ਼ਾਮ ਦੇ ਕੇ ਗਿਆ ਹੈ। ਉਕਤ ਆਗੂ ਮੌਤ ਤੋਂ ਪਹਿਲਾਂ ਪੁਲਿਸ ਨੂੰ ਆਪਣੇ ਬਿਆਨ ਵੀ ਦਰਜ ਕਰਵਾ ਗਿਆ ਹੈ। ਤਿੱਪਾ ਸੇਖੋਂ ਦਾ ਕੁਝ ਸਮਾਂ ਪਹਿਲਾਂ ਹੀ ਵਿਆਹ ਹੋਇਆ ਸੀ ਤੇ ਉਸ ਦਾ ਇਕ 8 ਮਹੀਨੇ ਦਾ ਬੱਚਾ ਸੀ। ਉਹ ਨਿਰਮਾਣ ਦੇ ਕੰਮ ਦੀ ਠੇਕੇਦਾਰੀ ਦਾ ਕੰਮ ਕਰਦਾ ਸੀ। ਪੁਲਿਸ ਨੇ ਮੌਕਾ-ਏ-ਵਾਰਦਾਤ ਦਾ ਮੁਆਇਨਾ ਕਰਕੇ ਸੁਖਬੀਰ ਕੌਰ ਅਤੇ ਮਨਜੀਤ ਕੌਰ ਤੋਂ ਪੁੱਛਗਿੱਛ ਕਰਕੇ ਕਾਤਲਾਂ ਦੀ ਸੂਹ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ (ਅ) ਨੇ ਇਸ ਘਟਨਾ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਵਾਲਾ ਕੋਈ ਵੀ, ਕਿਸੇ ਵੀ, ਕਿੰਨੇ ਵੀ ਉੱਚ ਰੁਤਬੇ 'ਤੇ ਕਿਉਂ ਨਾ ਬੈਠਾ ਹੋਵੇ, ਪ੍ਰਸ਼ਾਸਨ ਅਤੇ ਸਰਕਾਰ ਨੂੰ ਤੁਰੰਤ ਅਜਿਹੇ .ਗੈਰ-ਇਖ਼ਲਾਕੀ ਅਨਸਰ ਵਿਰੁੱਧ ਕਨੂੰਨੀ ਕਾਰਵਾਈ ਕਰਕੇ ਸੰਬੰਧਿਤ ਪੀੜਤ ਧਿਰ ਨੂੰ ਇਨਸਾ.ਫ ਦੇਣਾ ਬਣਦਾ ਹੈ।

ਜੇਕਰ ਸੁਖਬੀਰ ਬਾਦਲ ਨੇ ਮੁਕਤਸਰ ਦੇ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ. ਪੀ. ਨੂੰ ਨਾਦਰਸ਼ਾਹੀ ਹੁਕਮ ਕਰਕੇ ਤਰਪਦੀਪ ਸਿੰਘ ਵਿਰੁੱਧ ਕਨੂੰਨੀ ਕਾਰਵਾਈ ਕਰਨ ਤੋਂ ਰੋਕਿਆ ਨਾ ਹੁੰਦਾ ਅਤੇ ਉਪਰੋਕਤ ਅ.ਫਸਰ ਆਪਣੇ ਪ੍ਰਸ਼ਾਸਨਿਕ .ਫਰਜ਼ਾਂ ਦੀ ਪੂਰਤੀ ਕਰ ਦਿੰਦੇ ਤਾਂ ਅੱਜ ਤਰਪਦੀਪ ਸਿੰਘ ਦਾ ਕਤਲ ਨਹੀਂ ਸੀ ਹੋ ਸਕਦਾ। ਉਸ ਦੇ ਕਤਲ ਲਈ ਅਤੇ ਸੰਬੰਧਿਤ ਕੁੜੀ ਦੇ ਪੀੜਤ ਪਰਿਵਾਰ ਨੂੰ ਇਨਸਾ.ਫ ਨਾ ਦੇਣ ਲਈ ਸੁਖਬੀਰ ਬਾਦਲ, ਮੁਕਤਸਰ ਦੇ ਡੀ. ਸੀ. ਅਤੇ ਐੱਸ. ਐੱਸ. ਪੀ. ਜ਼ਿੰਮੇਵਾਰ ਹਨ।

# ਭਾਈ ਬਿੱਟੂ ਸਾਥੀਆਂ ਸਮੇਤ ਅਦਾਲਤ ਵਿਚ ਪੇਸ਼ ਹੋਏ

ਰੂਪਨਗਰ-ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਚੇਅਰਮੈਨ ਭਾਈ ਦਲਜੀਤ ਸਿੰਘ ਬਿੱਟੂ ਨੂੰ ਉਨ੍ਹਾਂ ਦੇ ਸਾਥੀਆਂ ਸੁਖਵਿੰਦਰ ਸਿੰਘ ਸੁੱਖੀ, ਹਰਮਿੰਦਰ ਸਿੰਘ ਚੈੜੀਆਂ ਅਤੇ ਬਲਵਿੰਦਰ ਸਿੰਘ ਡੇਕਵਾਲਾ ਸਮੇਤ ਸਥਾਨਕ ਚੀ.ਫ ਜੂਡੀਸ਼ੀਅਲ ਮੈਜਿਸਟ੍ਰੇਟ ਐਸ. ਪੀ. ਸੂਦ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।



ਮਾਨਯੋਗ ਅਦਾਲਤ ਵੱਲੋਂ ਉਨ੍ਹਾਂ ਦੀ ਅਗਲੀ ਪੇਸ਼ੀ 29 ਜੁਲਾਈ ਤਹਿ ਕੀਤੀ ਗਈ। ਭਾਈ ਬਿੱਟੂ ਦੇ ਵਕੀਲ ਐਡਵੋਕੇਟ ਸਰਬਜੀਤ ਸਿੰਘ ਵੱਲੋਂ ਅਰਜ਼ੀ ਦਾਇਰ ਕੀਤੀ ਗਈ ਕਿ ਤਿੰਨ ਮਹੀਨੇ ਪਹਿਲਾਂ ਪੁਲਿਸ ਨੇ ਬਲਜੀਤ ਸਿੰਘ ਭਾਊ, ਹਰਮਿੰਦਰ ਸਿੰਘ ਚੈੜੀਆਂ ਅਤੇ ਬਲਵਿੰਦਰ ਸਿੰਘ ਡੇਕਵਾਲਾ ਵਿਰੁੱਧ ਚਲਾਨ ਪੇਸ਼ ਕੀਤਾ ਸੀ ਜਦੋਂ ਕਿ ਚਾਰਜ ਲੱਗਣ ਤੋਂ ਬਾਅਦ ਇਹ ਕੇਸ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਚੱਲਣਾ ਸੀ ਅਜਿਹਾ ਅਜੇ ਤੱਕ ਨਹੀਂ ਹੋ ਸਕਿਆ। ਤਿੰਨ ਮਹੀਨੇ ਪਹਿਲਾਂ ਇਸੇ ਕੇਸ ਵਿਚ ਦਇਆ ਸਿੰਘ ਲਾਹੌਰੀਆ ਨੂੰ ਡਿਸਚਾਰਜ਼ ਕੀਤਾ ਗਿਆ ਸੀ। ਇਸ ਪੇਸ਼ੀ ਸਮੇਂ ਵਿਸ਼ੇਸ਼ ਤੌਰ 'ਤੇ ਪੇਸ਼ ਹੋਏ ਡੀ. ਐਸ. ਪੀ. ਭੁਪਿੰਦਰ ਸਿੰਘ ਨੇ ਇਹ ਲਿਖ ਕੇ ਦਿੱਤਾ ਕਿ ਪੁਲਿਸ ਇਸ ਕੇਸ ਨਾਲ ਸੰਬੰਧਿਤ ਚਲਾਨ ਅਗਲੀ ਪੇਸ਼ੀ ਉੱਤੇ ਪੇਸ਼ ਕਰ ਦੇਵੇਗੀ। ਇਸ ਤਾਰੀਖ ਉੱਤੇ ਬਲਜੀਤ ਸਿੰਘ ਭਾਊ ਅਤੇ ਬੂਟਾ ਸਿੰਘ ਨੂੰ ਪੇਸ਼ ਨਹੀਂ ਕੀਤਾ ਗਿਆ।

# ਯੁਵਰਾਜ ਸਿੰਘ ਸਮੇਤ 4 ਕ੍ਰਿਕਟ ਖਿਡਾਰੀਆਂ 'ਤੇ ਕਰ ਵਿਭਾਗ ਦਾ ਸ਼ਿਕੰਜਾ

ਚੰਡੀਗੜ੍ਹ-ਸੇਵਾ ਕਰ (ਸਰਵਿਸ ਟੈਕਸ) ਵਜੋਂ 1.17 ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਨਾ ਕਰਵਾਉਣ ਕਾਰਨ ਕੇਂਦਰੀ ਐਕਸਾਈਜ਼ ਵਿਭਾਗ ਚੰਡੀਗੜ੍ਹ ਖੇਤਰ ਜਲਦ ਹੀ ਯੁਵਰਾਜ ਸਿੰਘ ਸਮੇਤ 4 ਕ੍ਰਿਕਟ ਖਿਡਾਰੀਆਂ ਨੂੰ ਨੋਟਿਸ ਜਾਰੀ ਕਰੇਗਾ।



ਆਈ. ਪੀ. ਐਲ. ਮਾਮਲੇ ਦੀ ਜਾਂਚ ਟੀਮ ਵਿਚ ਸ਼ਾਮਲ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਯੁਵਰਾਜ ਸਿੰਘ, ਵੀ. ਆਰ. ਵੀ. ਸਿੰਘ, ਸੰਨੀ ਸੋਹਲ ਅਤੇ ਉਦੈ ਕੌਲ ਨੇ ਪਹਿਲੀ ਅਤੇ ਦੂਜੀ ਆਈ. ਪੀ. ਐਲ. ਮੈਚਾਂ ਦੀ ਲੜੀ ਤੋਂ ਹੋਈ ਆਮਦਨ 'ਤੇ ਲੱਗੇ ਸੇਵਾ ਕਰ ਦਾ ਭੁਗਤਾਨ ਨਹੀਂ ਕੀਤਾ।

ਅਧਿਕਾਰੀ ਨੇ ਦੱਸਿਆ ਕਿ ਯੁਵਰਾਜ ਸਿੰਘ ਨੇ ਮੈਚਾਂ ਤੋਂ 4.25 ਕਰੋੜ ਰੁਪਏ ਕਮਾਏ ਸਨ, ਉਸ ਤੋਂ 96.43 ਲੱਖ ਰੁਪਏ ਸੇਵਾ ਕਰ ਵਜੋਂ ਵਸੂਲੇ ਜਾਣਗੇ, ਜਦਕਿ ਚੰਡੀਗੜ੍ਹ ਦੇ ਹੀ ਕ੍ਰਿਕਟ ਖਿਡਾਰੀ ਵੀ. ਆਰ. ਵੀ. ਸਿੰਘ ਨੇ ਆਈ. ਪੀ. ਐਲ. ਮੈਚਾਂ ਤੋਂ 50 ਲੱਖ ਰੁਪਏ ਕਮਾਏ ਸਨ, ਉਸ ਤੋਂ ਕਰ ਵਿਭਾਗ 11.33 ਲੱਖ ਰੁਪਏ ਵਸੂਲੇਗਾ।


# ਕੈਨੇਡਾ ਜਾਣ ਦਾ ਸੁਨਿਹਰੀ ਮੌਕਾ



ਸਾਡੇ ਕੋਲ ਇੰਗਲੈਂਡ ਅਤੇ ਕੈਨੇਡਾ ਦੇ ਹਰੇਕ ਵੱਡੇ ਸ਼ਹਿਰ ਵਿੱਚ ਦਾਖਲਾ ਦਿਵਾਉਣ ਦਾ ਪ੍ਰਬੰਧ ਹੈ, ਸਟੂਡੈਂਟ ਵੀਜ਼ੇ 'ਤੇ ਜਾ ਕੇ ਪੜ੍ਹਾਈ ਦੇ ਨਾਲ ਨਾਲ ਪਾਰਟ ਟਾਈਮ ਕੰਮ ਵੀ ਕਰੋ ।



**IMMIGRATION TO CANADA**

***IN 6 TO 12 MONTHS :***

** Fast Track Permanent Residency for Professionals & Trade Persons*
** Business / Investor Class * Student Visa.*

**6 ਮਹੀਨੇ ਤੋਂ 1 ਸਾਲ ਦੇ ਅੰਦਰ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਲੈਣ ਦੇ ਚਾਹਵਾਨ ਸਾਡੇ ਨਾਲ ਜਲਦੀ ਸੰਪਰਕ ਕਰਨ !**

**ਤੁਹਾਡੀ ਪੜ੍ਹਾਈ ਦੇ ਹਿਸਾਬ ਨਾਲ ਸਹੀ ਅਤੇ ਢੁਕਵੇਂ ਕੋਰਸ ਦਾ ਪ੍ਰਬੰਧ ਕਰਨ ਵਿੱਚ ਖਾਸ ਮਾਹਰ**

*EXPRESS STUDENTS SERVICES*
*(Your partner in education)*

= = = Contact = = =

GURINDER BHATTI M: 07507 641 954
BIRENDER SINGH M: 07917 665 623

*SOUTHALL OFFICE- Tel: 020 8843 2224*
*BIRMINGHAM SURGERY- Tel: 0121 525 9141*

**ਤੈਨੂੰ 'ਰੌਣਕ ਮੇਲੇ ਵਾਜੇ' ਨਾਲ ਵਿਆਹ ਕੇ ਲਿਆਵਾਂਗੇ ...**

ਵਿਆਹ-ਸ਼ਾਦੀ, ਮਿਲਨੀ ਅਤੇ ਬਰਾਤ 'ਤੇ ਆਪਣੇ ਪ੍ਰੋਗਰਾਮ ਨੂੰ ਚਾਰ-ਚੰਨ ਲਾਉਣ ਲਈ ਅੱਜ ਹੀ ਬੁੱਕ ਕਰੋ!




**Office : 08456 430 429**